6

ਸਵਾਲ:

''ਜੇ ਖ਼ੁਦਾ ਕਿਰਖਾਲੂ ਹੈ ਤਾਂ ਭਲਾ ਭਲੇ ਅਤੇ ਈਮਾਨਦਾਰ ਅਤੇ ਨੇਕਨੀਅਤ ਲੋਕ ਗੁਆਚੇ ਹੋਏ ਹੋ ਸਕਦੇ ਹਨ?''

ਜਵਾਬ:

ਸਾਡਾ ਮੰਨਣਾ ਹੈ ਕਿ ਬਾਈਬਲ ਦੱਸਦੀ ਹੈ ਕਿ ਬਚਾਏ ਜਾਣ ਲਈ ਪਾਪਾਂ ਦੀ ਮਾਫ਼ੀ ਵਾਸਤੇ ਪਾਣੀ ਵਿਚ ਡੁਬਕੀ ਜ਼ਰੂਰੀ ਹੈ। ਇਸ ਵਿਚਾਰ ਤੇ ਆਮ ਤੌਰ ਤੇ ਲੋਕਾਂ ਦੀ ਇਹ ਪ੍ਰਤੀਕ੍ਰਿਆ ਹੁੰਦੀ ਹੈ ਕਿ ''ਹਾਂ, ਬਾਈਬਲ ਇਹੀ ਦੱਸਦੀ ਲਗਦੀ ਹੈ, ਪਰ ਹੋ ਥਾਂ ਸਾਰੇ ਧਾਰਮਿਕ ਲੋਕਾਂ ਬਾਰੇ ਕੀ ਖ਼ਿਆਲ ਹੈ ਜਿਨ੍ਹਾਂ ਨੇ ਬਪਤਿਸਮਾ ਨਹੀਂ ਲਿਆ? ਉਹ ਵੀ ਤਾਂ ਭਲੇ, ਈਮਾਨਦਾਰ ਹਨ, ਉਨ੍ਹਾਂ ਦਾ ਨਾਂਅ ਕਿਵੇਂ ਹੋ ਸਕਦਾ ਹੈ?'' ਪਹਿਲੀ ਸਦੀ ਵਿਚ ਅਸੀਂ ਉਨ੍ਹਾਂ ਦੀ ਗੱਲ ਕਰ ਰਹੇ ਹਾਂ ਜੋ ਮਸੀਹ ਵਿਚ ਯਕੀਨ ਰੱਖਦੇ ਹਨ, ਜੋ ਭਲੇ, ਈਮਾਨਦਾਰ ਅਤੇ ਨੇਕਨੀਅਤ ਅਤੇ ਧਾਰਮਿਕ ਹਨ ਪਰ ਉਨ੍ਹਾਂ ਨੇ ਵਚਨ ਮੁਤਾਬਿਕ ਕਦੇ ਬਪਤਿਸਮਾ ਨਹੀਂ ਲਿਆ। ਭਲਾ ਇਹ ਲੋਕ ਗੁਆਚੇ ਹੋਏ ਹੋ ਸਕਦੇ ਹਨ?

ਅਸੀਂ ਆਪਣੀ ਪੜਤਾਲ ਦਾ ਦਾਇਰਾ ਵਧਾ ਲੈਂਦੇ ਹਾਂ। ਇਹ ਮੰਨ ਲੈਣਾ ਗਲਤ ਹੀ ਹੋਵੇਗਾ ਕਿ ਸਿਰਫ਼ ਮਸੀਹੀ ਅਖਵਾਉਣ ਵਾਲੇ ਲੋਕ ਹੀ ਭਲੇ, ਈਮਾਨਦਾਰ ਅਤੇ ਨੇਕਨੀਅਤ ਹਨ। ਕਈਆਂ ਨੂੰ ਲਗਦਾ ਹੈ ਕਿ ਉਹ ਖ਼ੁਦਾ ਤੇ ਯਕੀਨ ਨਹੀਂ ਰੱਖ ਸਕਦੇ। ਉਸ ਨਿਚੋੜ ਵਿਚ ਉਹ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਹਨ। ਭਲਾ ਅਜਿਹੇ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਗੁਆਚੇ ਹੋਏ ਹੋ ਸਕਦੇ ਹਨ?

ਉਨ੍ਹਾਂ ਦਾ ਕੀ ਹੋਵੇਗਾ ਜੋ ਖ਼ੁਦਾ ਵਿਚ ਯਕੀਨ ਤਾਂ ਰੱਖਦੇ ਹਨ ਪਰ ਮਸੀਹ ਨੂੰ ਖ਼ੁਦਾ ਦਾ ਬੇਟਾ ਨਹੀਂ ਮੰਨਦੇ? ਯਹੂਦੀਆਂ ਜਾਂ ਹੋਰ ਲੋਕਾਂ ਦਾ ਕੀ ਹੋਵੇਗਾ ਜੋ ਖ਼ੁਦਾ ਨੂੰ ਤਾਂ ਮੰਨਦੇ ਹਨ ਪਰ ਮਸੀਹ ਨੂੰ ਉਸ ਦੇ ਪੁੱਤਰ ਦੇ ਰੂਪ ਵਿਚ, ਖ਼ੁਦਾ ਦਾ ਆਖ਼ਰੀ ਮੁਕਾਸ਼ਫ਼ਾ ਨਹੀਂ ਮੰਨਦੇ। ਮਸੀਹੀ ਅਖਵਾਉਣ ਵਾਲੇ ਬਹੁਤ ਸਾਰੇ ਲੋਕਾਂ ਵਾਂਗ ਉਹ ਵੀ ਤਾਂ ਭਲੇ, ਈਮਾਨਦਾਰ ਅਤੇ ਨੇਕਨੀਅਤ ਹਨ। ਭਲਾ ਉਹ ਗੁਆਚੇ ਹੋਏ ਹੋ ਸਕਦੇ ਹਨ?

ਬਾਈਬਲ ਕੀ ਦੱਸਦੀ ਹੈ ?

ਇਸ ਸਵਾਲ ਨਾਲ ਸ਼ੁਰੂਆਤ ਕਰਦੇ ਹਾਂ ਕਿ ਬਾਈਬਲ ਇਸ ਵਿਸ਼ੇ ਤੇ ਕੀ ਦੱਸਦੀ ਹੈ? ਸਾਨੂੰ ਇਸ ਗੱਲ ਦੀ ਐਨੀ ਫ਼ਿਕਰ ਨਹੀਂ ਹੈ ਕਿ ਦੂਸਰੇ ਲੋਕ ਕੀ ਕਹਿੰਦੇ ਹਨ। ਖ਼ੁਦਾ ਦੀ ਮਰਜ਼ੀ ਨੂੰ ਜਾਣਨ ਲਈ ਉਸ ਦੀ ਕਿਤਾਬ, ਬਾਈਬਲ ਦਾ ਅਧਿਐਨ ਕਰਨਾ ਜ਼ਰੂਰੀ ਹੈ। ਤਾਂ ਫਿਰ ਬਾਈਬਲ ਦੇ ਮੁਤਾਬਿਕ ਭਲਾ ਇਹ ਲੋਕ ਗੁਆਚੇ ਹੋਏ ਹੋ ਸਕਦੇ ਹਨ?

ਇਸ ਸਵਾਲ ਦੇ ਜਵਾਬ ਲਈ ਅਸੀਂ ਇਹ ਸਵਾਲ ਪੁੱਛਦੇ ਹਾਂ:

ਨਾਸਤਿਕਾਂ ਲਈ ਅਸੀਂ ਪੁੱਛਦੇ ਹਾਂ, '*'ਭਲਾ ਖ਼ੁਦਾ ਵਿਚ ਯਕੀਨ ਕੀਤੇ ਬਗੈਰ ਕੋਈ ਬਚਾਇਆ ਜਾ ਸਕਦਾ ਹੈ?''* 2 ਥੱਸਲੁਨੀਕੀਆਂ 1:7–9 ਤੇ ਵਿਚਾਰ ਕਰੋ ਜੋ ਆਖਦਾ ਹੈ ਕਿ ਉਨ੍ਹਾਂ ਲੋਕਾਂ ਤੋਂ ਜਿਹੜੇ ''ਪਰਮੇਸ਼ੁਰ ਨੂੰ ਨਹੀਂ ਜਾਣਦੇ'' ਬਦਲਾ ਲੈਣ ਲਈ ਮਸੀਹ ਭੜਕਦੀ ਅੱਗ ਵਿਚ ਆਵੇਗਾ। ਇਬਰਾਨੀਆਂ 11:6 ਕਹਿੰਦਾ ਹੈ ਕਿ ਬਿਨਾਂ ਨਿਹਚਾ ਦੇ ਖ਼ੁਦਾ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਖ਼ੁਦਾ ਕੋਲ ਆਉਣ ਵਾਲੇ ਵਾਸਤੇ ਪਹਿਲਾਂ ਇਹ ਯਕੀਨ ਕਰਨਾ ਜ਼ਰੂਰੀ ਹੈ ਕਿ ''ਉਹ ਹੈ।'' ਭਲਾ ਇਸ ਤੋਂ ਅਜਿਹਾ ਲਗਦਾ ਹੈ ਕਿ ਨਾਸਤਿਕ ਹੋਣ ਦੇ ਬਾਵਜੂਦ ਕੋਈ ਬਚਾਇਆ ਜਾ ਸਕਦਾ ਹੈ? ਇਕ ਨਾਸਤਿਕ ਦਾ ਕਹਿਣਾ ਸੀ ਕਿ ਜੇ ਉਹ ਗਲਤ ਹੋਇਆ ਤਾਂ ਮਰਨ ਦੇ ਬਾਅਦ ਕਿਆਮਤ ਵੇਲੇ ਖ਼ੁਦਾ ਅੱਗੇ ਜਾ ਕੇ ਉਸ ਤੋਂ ਮਾਫ਼ੀ ਮੰਗ ਲਵੇਗਾ ਅਤੇ ਖ਼ੁਦਾ ਇਸ ਚੁਟਕਲੇ ਤੇ ਖ਼ੂਬ ਹੱਸੇਗਾ। ਪਰ ਅਜਿਹਾ ਨਹੀਂ ਹੋਵੇਗਾ!

ਦੂਜਾ, ਆਓ ਨੇਕਨੀਅਤ ਗੈਰ ਮਸੀਹੀ ਲੋਕਾਂ ਤੋਂ ਪੁੱਛਦੇ ਹਾਂ: *''ਭਲਾ ਮਸੀਹ ਵਿਚ ਵਿਸ਼ਵਾਸ ਕੀਤੇ ਬਗੈਰ ਤੁਸੀਂ ਬਚਾਏ ਜਾ ਸਕਦੇ ਹੋ?''* ਬਾਈਬਲ ਕੀ ਦੱਸਦੀ ਹੈ? ਯੂਹੰਨਾ 8:24 ਮੁਤਾਬਿਕ, ਯਿਸੂ ਨੇ ਆਖਿਆ, ''... ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ।'' ਯੂਹੰਨਾ 14:6 ਵਿਚ ਉਸ ਨੇ ਕਿਹਾ, ''... ਕੋਈ ਮੇਰੇ ਵਸੀਲੇ ਬਗੈਰ ਪਿਤਾ ਦੇ ਕੋਲ ਨਹੀਂ ਆਉਂਦਾ।'' ਮਸੀਹ ਦੇ ਨਾਂਅ ਤੋਂ ਛੁੱਟ ਕੋਈ ਹੋਰ ਨਾਂਅ ਨਹੀਂ ਹੈ ਜਿਸ ਤੋਂ ਅਸੀਂ ਬਚਾਏ ਜਾ ਸਕੀਏ (ਰਸੂਲਾਂ ਦੇ ਕੰਮ 4:12)। ਅਸੀਂ ਭਾਵੇਂ ਗੈਰ ਮਸੀਹੀ ਨੂੰ ਕਿੰਨਾ ਵੀ ਪਸੰਦ ਕਰਦੇ ਹੋਈਏ ਜਾਂ ਉਸ ਦੀ ਤਾਰੀਫ਼ ਕਰਦੇ ਹੋਈਏ, ਪਰ ਬਾਈਬਲ ਦੀ ਗੱਲ ਨੂੰ ਮੰਨ ਕੇ ਅਸੀਂ ਇਹ ਸੋਚ ਨਹੀਂ ਸਕਦੇ ਕਿ ਬੇਪਰਤੀਤਾ ਰਹਿ ਕੇ ਉਹ ਬਚਾਇਆ ਜਾ ਸਕਦਾ ਹੈ।

ਤੀਜਾ, ਮਸੀਹੀ ਅਖਵਾਉਣ ਵਾਲਿਆਂ ਤੇ ਵਿਚਾਰ ਕਰੋ ਜੋ ਧਾਰਮਿਕ ਤੌਰ ਤੇ ਗੱਲ ਕਰਦੇ ਹਨ। ਅਸੀਂ ਉਨ੍ਹਾਂ ਮਸੀਹੀ ਲੋਕਾਂ ਦੀ ਗੱਲ ਨਹੀਂ ਕਰ ਰਹੇ ਜੋ ਕਮਜ਼ੋਰ ਹਨ ਅਤੇ ਗਲਤੀਆਂ ਕਰਦੇ ਹਨ। ਅਸੀਂ ਉਨ੍ਹਾਂ ਦੀ ਗੱਲ ਕਰ ਰਹੇ ਹਾਂ ਜੋ ਮਸੀਹੀ ਹੋਣ ਦਾਅਵਾ ਕਰਦੇ ਹਨ ਪਰ ਉਨ੍ਹਾਂ ਨੇ ਵਚਨ ਮੁਤਾਬਿਕ ਬਪਤਿਸਮਾ ਨਹੀਂ ਲਿਆ ਹੈ। ਭਲਾ ਉਹ ਬਚਾਏ ਜਾਣਗੇ? ਆਓ ਉਨ੍ਹਾਂ ਤੋਂ ਪੁੱਛਦੇ ਹਾਂ, ''ਭਲਾ ਤੁਸੀਂ ਇੰਜੀਲ ਦਾ ਹੁਕਮ ਮੰਨੇ ਬਗੈਰ ਬਚਾਏ ਜਾ ਸਕਦੇ ਹੋ?'' ਕਿਸੇ ਅਜਿਹੇ ਵਿਅਕਤੀ ਦੀ ਕਲਪਨਾ ਕਰੋ ਜੋ ਕਿਸੇ ਡਿਨੋਮੀਨੇਸ਼ਨ ਦਾ ਮੈਂਬਰ ਹੈ। ਉਹ ਉਸ ਵਿਚ ਜਿਸ ਨੂੰ ਉਹ ਮੰਨਦਾ ਹੈ ਭਲਾ, ਸ਼ਾਨਦਾਰ ਅਤੇ ਨੇਕਨੀਅਤ, ਪਰ ਉਸ ਨੇ ਵਚਨ ਮੁਤਾਬਿਕ ਬਪਤਿਸਮਾ ਕਦੇ ਨਹੀਂ ਲਿਆ। ਭਲਾ ਉਹ ਇੰਜੀਲ ਦਾ ਇਹ ਹੁਕਮ ਮੰਨੇ ਬਗ਼ੈਰ ਬਚਾਇਆ ਜਾ ਸਕਦਾ ਹੈ? 2 ਥੱਸਲੁਨੀਕੀਆਂ 1:7–9 ਵਿਚ ਪੌਲੁਸ ਨੇ ਨਾ ਸਿਰਫ਼ ਇਹ ਕਿਹਾ ਕਿ ਮਸੀਹ ਉਨ੍ਹਾਂ ਤੋਂ ਜੋ ''ਪਰਮੇਸ਼ੁਰ ਨੂੰ ਨਹੀਂ ਜਾਣਦੇ'' ਬਦਲਾ ਲਵੇਗਾ ਬਲਕਿ ਉਸ ਨੇ ਇਹ ਵੀ ਕਿਹਾ ਕਿ ''ਜੋ ਖੁਸ਼ਖ਼ਬਰੀ ਨੂੰ ਨਹੀਂ ਮੰਨਦੇ, ਉਨ੍ਹਾਂ ਤੋਂ ਵੀ ਬਦਲਾ ਲਵੇਗਾ।'' ਯਿਸੂ ਦੀ ਖੁਸ਼ਖ਼ਬਰੀ ਨੂੰ ਮੰਨੇ ਬਗ਼ੈਰ ਅਸੀਂ ਬਚਾਏ ਨਹੀਂ ਜਾ ਸਕਦੇ (ਤੁਲਨਾ ਮੱਤੀ 7:21–23)। ਜੇ ਕੋਈ ਇਹ ਆਖ ਕੇ ਇਤਰਾਜ਼ ਕਰਦਾ ਹੈ ਕਿ ਇਹ ਤਾਂ ਬਹੁਤਾ ਹੀ ਸਖ਼ਤ ਹੈ ਤਾਂ ਸਾਡਾ ਜਵਾਬ ਹੋਵੇਗਾ ਕਿ ਇਹ ਨਿਯਮ ਅਸਾਂ ਨਹੀਂ ਬਣਾਏ ਬਲਕਿ ਖ਼ੁਦਾ ਨੇ ਬਣਾਏ ਹਨ! ਸਾਨੂੰ ਡਰ ਹੈ ਕਿ ਉਸ ਦੇ ਨਿਯਮਾਂ ਨੂੰ ਨਾ ਮੰਨਣ ਦਾ ਫ਼ੈਸਲਾ ਕਿਸੇ ਲਈ ਵੀ ਸੁਰੱਖਿਅਤ ਨਹੀਂ ਹੈ।

ਫਿਰ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਗੁਆਚ ਸਕਦੇ ਹਨ? ਇਸ ਤੇ ਵਿਚਾਰ ਕਰੋ: ਕੁਰਨੇਲਿਉਸ ਇਕ ਭਲਾ ਮਨੁੱਖ ਸੀ (ਰਸੂਲਾਂ ਦੇ ਕੰਮ 10:1–4), ਪਰ ਅਸੀਂ ਜਾਣਦੇ ਹਾਂ ਕਿ ਉਹ ਗੁਆਚਿਆ ਹੋਇਆ ਸੀ ਕਿਉਂਕਿ ਉਹਦੇ ਲਈ ਉਨ੍ਹਾਂ ਗੱਲਾਂ ਨੂੰ ਸੁਣਨਾ ਜ਼ਰੂਰੀ ਸੀ ਜਿਨ੍ਹਾਂ ਨਾਲ ਉਹ ਬਚਾਇਆ ਜਾ ਸਕਦਾ (ਰਸੂਲਾਂ ਦੇ ਕੰਮ 11:14, 15)। ਖੋਜਾ ਇਕ ਧਾਰਮਿਕ ਆਦਮੀ ਸੀ, ਪਰ ਉਸ ਨੂੰ ਬਚਾਏ ਜਾਣ ਦੀ ਐਨੀ ਵੱਧ ਲੋੜ ਸੀ ਕਿ ਖ਼ੁਦਾ ਨੇ ਉਸ ਨੂੰ ਵਚਨ ਸੁਨਾਉਣ ਲਈ ਫ਼ਿਲਿੱਪੁਸ ਨੂੰ ਉਹਦੇ ਕੋਲ ਭੇਜਿਆ (ਰਸੂਲਾਂ ਦੇ ਕੰਮ 8)।

ਸੌਲੁਸ ਭਲਾ ਅਤੇ ਈਮਾਨਦਾਰ ਸੀ, ਪਰ ਉਹ ਮਸੀਹੀ ਬਣਨ ਤੋਂ ਪਹਿਲਾਂ ਆਪਣੇ ਆਪ ਨੂੰ ਸਭ ਤੋਂ ਵੱਡਾ ਪਾਪੀ ਮੰਨਦਾ ਹੈ (1 ਤਿਮੋਥਿਉਸ 1:15)। ਇਖ਼ਲਾਕੀ ਤੌਰ ਤੇ ਤੁਸੀਂ ਭਲੇ ਹੋ ਸਕਦੇ ਹੋ, ਪਰ ਰੂਹਾਨੀ ਤੌਰ ਤੇ ਖ਼ੁਦਾ ਤੋਂ ਦੂਰ ਹੋ ਸਕਦੇ ਹੋ; ਨੇਕਨੀਅਤ, ਪਰ ਸਚਮੁਚ ਗੁਮਰਾਹ; ਈਮਾਨਦਾਰ, ਪਰ ਈਮਾਨਦਾਰੀ ਨਾਲ ਗਲਤ! ਅਸੀਂ ਇਸ ਦੀਆਂ ਸਭ ਉਦਾਹਰਣਾਂ ਵੇਖ ਲਈਆਂ ਹਨ। ਉਦਾਹਰਣ ਲਈ ਆਸਟ੍ਰੇਲੀਆ ਵਿਚ ਇਕ ਨਰਸ ਉੱਤੇ ਹਸਪਤਾਲ ਵਿਚ ਚਾਰ ਬੱਚਿਆਂ ਦੀ ਮੌਤ ਵਿਚ ਕਤਲ ਦਾ ਇਲਜ਼ਾਮ ਲੱਗਾ। ਉਸ ਉੱਤੇ ਇਹ ਇਲਜ਼ਾਮ ਸੀ ਕਿ ਉਸ ਨੇ ਫ਼ਾਰਮੂਲਾ ਤਿਆਰ ਕਰਨ ਵਿਚ ਖੰਡ ਦੀ ਥਾਂ ਲੂਣ ਪਾ ਦਿੱਤਾ। ਉਸ ਦੇ ਖ਼ਿਲਾਫ਼ ਲੱਗਿਆ ਇਲਜ਼ਾਮ ਸਾਬਿਤ ਨਹੀਂ ਹੋ ਸਕਿਆ ਅਤੇ ਮਾਮਲਾ ਰਫ਼ਾ ਦਫ਼ਾ ਹੋ ਗਿਆ। ਪਰ ਕਿਸੇ ਨੇ ਖੰਡ ਦੀ ਥਾਂ ਲੂਣ ਪਾਇਆ ਜ਼ਰੂਰ ਸੀ। ਮੰਨ ਲਿਆ ਗਿਆ ਕਿ ਜਿਸ ਨੇ ਵੀ ਅਜਿਹਾ ਕੀਤਾ, ਉਸ ਨੇ ਜਾਣ ਬੁੱਝ ਕੇ ਇਹ ਗਲਤੀ ਨਹੀਂ ਕੀਤੀ ਸੀ, ਪਰ ਇਸ ਨਾਲ ਚਾਰ ਬੱਚੇ ਤਾਂ ਮਾਰੇ ਗਏ ਸਨ।

ਅਜਿਹੇ ਹੀ ਮਾਮਲੇ ਵਿਚ ਰੇਜਿਨਾ ਸਸਕੈਚੁਅਨ, ਕਨੇਡਾ ਵਿਚ ਕਿਸੇ ਨਰਸ ਵੱਲੋਂ ਬੱਚਿਆਂ ਲਈ ਡਿਸਟਿਲਡ ਵਾਟਰ ਦੀ ਥਾਂ ਬੋਰਿਕ ਐਸਿਡ ਦਾ ਘੋਲ ਪਿਆਉਣ ਨਾਲ ਪੰਜ ਬੱਚਿਆਂ ਦੀ ਮੌਤ ਹੋ ਗਈ। ਨੀਅਤ ਵਿਚ ਖੋਟ ਨਾ ਹੋਣ ਦੇ ਬਾਵਜੂਦ ਇਹ ਦੁਖਾਂਤ ਵਾਪਰ ਗਿਆ।

ਇਕ ਸਵਾਰੀ ਗੱਡੀ ਨਿਊ ਯਾਰਕ ਵਿਚ ਦਾਖ਼ਲ ਹੋ ਰਹੀ ਸੀ ਕਿ ਇਕ ਹੋਰ ਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਪੰਜਾਹ ਬੰਦਿਆਂ ਦੀ ਜਾਨ ਚਲੀ ਗਈ। ਨਾਸਾਂ ਵਿੱਚੋਂ ਦੀ ਲਹੂ ਵਗਦੇ ਅਤੇ ਗੱਲ੍ਹਾਂ ਚੋਂ ਹੰਝੂ ਡਿਗਦਿਆਂ ਉਸ ਦਾ ਇੰਜੀਨੀਅਰ ਇੰਜਣ ਦੇ ਹੇਠਾਂ ਦੱਬਿਆ ਪਿਆ ਸੀ। ਤਕਲੀਫ਼ ਨਾਲ ਕੁਰਲਾਉਂਦਿਆਂ ਉਸ ਨੇ ਇਕ ਮੁਚੜਿਆ ਹੋਇਆ ਕਾਗ਼ਜ਼ ਫੜ੍ਹਿਆ ਹੋਇਆ ਸੀ। ''ਆਹ ਲਓ,'' ਉਸ ਨੇ ਆਖਿਆ। ''ਇਸ ਤੋਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਕਿਸੇ ਨੇ ਮੈਨੂੰ ਗਲਤ ਆਡਰ ਦਿੱਤੇ ਸਨ।'' ਬੇਸ਼ੱਕ ਅਸੀਂ ਸਾਫ਼ ਨੀਅਤ ਨਾਲ ਕਿਸੇ ਦੇ ਗਲਤ ਆਡਰਾਂ ਨੂੰ ਮੰਨ ਸਕਦੇ ਹਾਂ, ਪਰ ਉਸ ਨਾਲ ਸਾਨੂੰ ਤਕਲੀਫ਼ ਝੱਲਣੀ ਪੈ ਸਕਦੀ ਹੈ। ਸਾਡੇ ਨਾਲ–ਨਾਲ ਦੂਜਿਆਂ ਨੂੰ ਵੀ।[1]

ਪਰ ਜੇ ਭਲੇ, ਈਮਾਨਦਾਰ ਅਤੇ ਸਾਫ਼ ਨੀਅਤ ਲੋਕ ਗੁਆਚ ਸਕਦੇ ਹਨ ਤਾਂ ਇਸ ਨਾਲ ਇਕ ਹੋਰ ਸਵਾਲ ਖੜਾ ਹੁੰਦਾ ਹੈ।

ਇਹ ਕਿਵੇਂ ਹੋ ਸਕਦਾ ਹੈ ਕਿ ਉਹ ਗੁਆਚ ਸਕਦੇ ਹਨ

ਜੇ ਖ਼ੁਦਾ ਕਿਰਪਾਲੂ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਅਜਿਹੇ ਲੋਕ ਗੁਆਚ ਜਾਣ।

ਇਸ ਸਵਾਲ ਤੇ ਚਰਚਾ ਸ਼ੁਰੂ ਕਰਦਿਆਂ ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਜੇ ਬਾਈਬਲ ਕਿਸੇ ਵੀ ਤਰ੍ਹਾਂ ਨਾਲ ਸੱਚ ਹੈ, ਤਾਂ ਫਿਰ ਗੁਆਚੇ ਹੋਏ ਅਤੇ ਬਚਾਏ ਹੋਏ ਲੋਕਾਂ ਵਿਚ ਇਕ ਵੰਡਣ ਵਾਲੀ ਰੇਖਾ ਖਿੱਚਣ ਨੂੰ ਮਿਲਦੀ ਹੈ, ਕਿਉਂਕਿ ਕੁਝ ਲੋਕ ਤਾਂ ਗੁਆਚੇ ਹੋਏ ਹੋਣਗੇ। ਇੱਥੇ ਸਾਨੂੰ ਦਿਮਾਗ਼ ਨਾਲ ਸੋਚਣਾ ਚਾਹੀਦਾ ਹੈ ਨਾ ਕਿ ਦਿਲ ਨਾਲ। ਬਾਈਬਲ ਦੱਸਦੀ ਹੈ ਕਿ ਕੁਝ ਲੋਕ ਗੁਆਚੇ ਹੋਏ ਹੋਣਗੇ, ਇਸ ਕਰਕੇ ਬਾਈਬਲ ਨੂੰ ਮੰਨਣ ਵਾਲੇ ਹਰ ਬੰਦੇ ਅੱਗੇ ਇਕ ਦਿੱਕਤ ਹੈ ਕਿ ਖ਼ੁਦਾ ਇਨ੍ਹਾਂ ਲੋਕਾਂ ਨੂੰ ਸਜ਼ਾ ਕਿਉਂ ਦਏਗਾ? ਅਤੇ ਕੋਈ ਵੀ ਇਤਰਾਜ਼ ਜੋ ਇਸ ਗੱਲ ਤੇ ਕਿ ਭਲੇ, ਈਮਾਨਦਾਰ ਅਤੇ ਨੇਕਨੀਅਤ ਮਸੀਹੀ ਅਖਵਾਉਣ ਵਾਲੇ ਸਿਰਫ਼ ਇਸ ਕਰਕੇ ਗੁਆਚ ਸਕਦੇ ਹਨ ਕਿਉਂਕਿ ਉਨ੍ਹਾਂ ਨੇ ਪੂਰੀ ਤਰ੍ਹਾਂ ਇੰਜੀਲ ਦੀ ਗੱਲ ਮੰਨੀ ਨਹੀਂ। ਇਹ ਕਹਿਣਾ ਕਿ ਮਸੀਹੀ ਅਖਵਾਉਣ ਵਾਲੇ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਇੰਜੀਲ ਦਾ ਹੁਕਮ ਪੂਰੀ ਤਰ੍ਹਾਂ ਨਾ ਮੰਨਣ ਕਰਕੇ ਗੁਆਚੇ ਹੋਏ ਹੋਣਗੇ, ਓਨਾਂ ਹੀ ਸੱਚ ਹੈ ਜਿੰਨਾਂ ਕਿਸੇ ਹੋਰ ਦੇ ਗੁਆਚੇ ਹੋਣ ਦਾ।

ਗੁਆਚੇ ਹੋਇਆਂ ਅਤੇ ਬਚਾਏ ਹੋਇਆਂ ਨੂੰ ਵੱਖੋ ਵੱਖ ਵਿਖਾਉਣ ਲਈ ਉਨ੍ਹਾਂ ਵਿਚ ਇਕ ਵੰਡਣ ਵਾਲੀ ਰੇਖਾ ਖਿੱਚਣ ਦੀ ਕਲਪਨਾ ਕਰਦੇ ਹਾਂ। ਇਹ ਰੇਖਾ ਇਸ ਤਰ੍ਹਾਂ ਨਾਲ ਬਣਾਉਂਦੇ ਹਾਂ ਕਿ

''ਬਪਤਿਸਮ ਦੇ ਬਗੈਰ ਵਿਸ਼ਵਾਸੀ'' ''ਗੁਆਚੇ ਹੋਇਆਂ'' ਵਾਲੇ ਪਾਸੇ ਹਨ। ਕੋਈ ਆਖਦਾ ਹੈ, ''ਤੁਸੀਂ ਇਵੇਂ ਨਹੀਂ ਕਰ ਸਕਦੇ।'' ਕਿਉਂ ਨਹੀਂ? ''ਕਿਉਂਕਿ ਬਪਤਿਸਮੇ ਦੇ ਬਿਨਾ ਉਹ ਵਿਸ਼ਵਾਸੀ ਤਾਂ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਹਨ ਅਤੇ ਖ਼ੁਦਾ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕਾਂ ਨੂੰ ਸਜ਼ਾ ਨਹੀਂ ਦਵੇਗਾ।'' ਫਿਰ ਅਸੀਂ ਇਹ ਰੇਖਾ ''ਬਪਤਿਸਮੇ ਤੇਂ ਬਿਨਾ ਵਿਸ਼ਵਾਸੀ'' ਤੋਂ ''ਬਚਾਏ ਹੋਇਆਂ'' ਵੱਲ ਵਧਦੇ ਹਾਂ, ਪਰ ''ਗੈਰ ਮਸੀਹੀ'' ਲੋਕ ''ਗੁਆਚੇ ਹੋਇਆਂ'' ਵੱਲ ਹਨ। ਕੋਈ ਹੋਰ ਇਤਰਾਜ਼ ਕਰਦਾ ਹੈ, ''ਨਹੀਂ, ਇਹ ਸਹੀ ਨਹੀਂ ਹੈ।'' ਕਿਉਂ ਨਹੀਂ? ''ਕਿਉਂਕਿ ਉਹ ਤਾਂ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਹਨ ਅਤੇ ਖ਼ੁਦਾ ਯਕੀਨਨ ਉਨ੍ਹਾਂ ਨੂੰ ਜੋ ਉਸ ਉੱਤੇ ਵਿਸ਼ਵਾਸ ਰੱਖਦੇ ਹਨ ਸਜ਼ਾ ਨਹੀਂ ਦਏਗਾ, ਉਨ੍ਹਾਂ ਨੇ ਤਾਂ ਬਸ ਮਸੀਹ ਨੂੰ ਕਬੂਲ ਨਹੀਂ ਕੀਤਾ ਸੀ।'' ਫਿਰ ਅਸੀਂ ਰੇਖਾ ਨੂੰ ਅੱਗੇ ਵਧਾਵਾਂਗੇ ਜਿਸ ਨਾਲ ''ਗੈਰ ਮਸੀਹੀ'' ''ਬਚਾਏ ਹੋਇਆਂ'' ਵਾਲੇ ਪਰ ''ਨਾਸਤਿਕ'' ਲੋਕ ਗੁਆਚੇ ਹੋਇਆਂ ਵਾਲੇ ਪਾਸੇ। ਕੋਈ ਜ਼ੋਰ ਦੇ ਕੇ ਆਖਦਾ ਹੈ, ''ਰੁਕੋ, ਤੁਸੀਂ ਇਹ ਰੇਖਾ ਇੱਥੇ ਨਹੀਂ ਖਿੱਚ ਸਕਦੇ।'' ਕਿਉਂ ਨਹੀਂ? ''ਕਿਉਂਕਿ ਕੁਝ ਨਾਸਤਿਕ ਤਾਂ ਮਸੀਹੀ ਲੋਕਾਂ ਵਾਂਗ ਹੀ ਚੰਗੇ ਹਨ। ਸੁਰਗ ਵਿਚ ਜਾਣ ਲਈ ਨੇਕਨੀਅਤ ਅਤੇ ਲੋਕਾਂ ਨਾਲ ਚੰਗਾ ਸਲੂਕ ਕਰਨ ਵਾਲੇ ਹੋਣਾ ਚਾਹੀਦਾ ਹੈ। ਅਤੇ ਖ਼ੁਦਾ ਕਿਸੇ ਅਜਿਹੇ ਸਖ਼ਸ਼ ਨੂੰ ਸਜ਼ਾ ਨਹੀਂ ਦਏਗਾ ਜੋ ਅਜਿਹਾ ਕਰਦਾ ਹੈ, ਪਰ ਸਿਰਫ਼ ਉਸ ਵਿਚ ਵਿਸ਼ਵਾਸ ਨਹੀਂ ਕਰਦਾ। ਬੇਸ਼ੱਕ ਖ਼ੁਦਾ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕਾਂ ਨੂੰ ਸਜ਼ਾ ਨਹੀਂ ਦਏਗਾ।'' ਇਸ ਕਰਕੇ ਸਾਨੂੰ ਫੇਰ ਤੋਂ ਰੇਖਾ ਬਣਾ ਕੇ ਨਾਸਤਿਕਾਂ ਨੂੰ ਵੀ ''ਬਚਾਏ ਹੋਇਆਂ'' ਵੱਲ ਮਿਲਾਉਣਾ ਚਾਹੀਦਾ ਹੈ।

ਅਖ਼ੀਰ ਵਿਚ ਇੱਥੇ ਸਾਨੂੰ ਕੁਝ ਸਹਿਮਤੀ ਮਿਲ ਸਕਦੀ ਹੈ, ਕਿਉਂਕਿ ਜੋ ਲੋਕ ਹੁਣ ''ਗੁਆਚਣ ਵਾਲੇ'' ਹਨ ਉਹ, ਭਲੇ, ਈਮਾਨਦਾਰ ਅਤੇ ਨੇਕਨੀਅਤ ਨਹੀਂ ਹਨ ਅਤੇ ਸਾਨੂੰ ਬਹੁਤ ਸਾਰੇ ਲੋਕ ਇਹ ਕਹਿਣ ਨੂੰ ਤਿਆਰ ਹਨ, ''ਹਾਂ, ਖ਼ੁਦਾ ਉਨ੍ਹਾਂ ਬੇਵਿਸ਼ਵਾਸਿਆਂ ਨੂੰ ਜੋ ਭਲੇ, ਈਮਾਨਦਾਰ ਅਤੇ ਨੇਕਨੀਅਤ ਨਹੀਂ ਹਨ, ਸਜ਼ਾ ਦੇ ਸਕਦਾ ਹੈ।''

ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਦੁਸ਼ਟ, ਬੇਈਮਾਨ ਅਤੇ ਫ਼ਰੇਬੀ ਮਨ ਵਾਲਿਆਂ ਨੂੰ ਸਜ਼ਾ ਦੇਣ ਵਾਲੀ ਰੇਖਾ ਤੋਂ ਅੱਗੇ ਨਿਕਲੀਏ, ਕੁਝ ਇਤਰਾਜ਼ ਸੁਣਾਈ ਦੇ ਰਹੇ ਹਨ: ਕੋਈ ਕਹਿੰਦਾ ਹੈ, ''ਇਹ ਠੀਕ ਹੈ ਕਿ ਉਹ ਚੰਗੇ ਲੋਕ ਨਹੀਂ ਹਨ, ਪਰ ਚੰਗੇ ਨਾ ਹੋਣ ਦਾ ਕਾਰਣ ਉਨ੍ਹਾਂ ਨਹੀਂ ਦੱਸਿਆ?'' ਦਿਮਾਗ਼ ਦਾ ਡਾਕਟਰ ਕਹਿੰਦਾ ਹੈ, ''ਉਹ ਜਿਸਮਾਨੀ ਤੌਰ ਤੇ ਬੀਮਾਰ ਹਨ।'' ਸੰਸਾਰ ਕਹਿੰਦਾ ਹੈ, ''ਉਨ੍ਹਾਂ ਨੂੰ ਸਹੀ ਤਾਲੀਮ ਨਹੀਂ ਮਿਲ ਸਕੀ।'' ਸਮਾਜ ਸ਼ਾਸਤਰੀ ਆਖਦਾ ਹੈ, ''ਉਨ੍ਹਾਂ ਨਾਲ ਸਮਾਜਿਕ ਨਿਆਂ ਨਹੀਂ ਹੋਇਆ।'' ਮਨੋਵਿਗਿਆਨਕ ਆਖਦਾ ਹੈ, ''ਉਨ੍ਹਾਂ ਨੂੰ ਜਿਹੋ ਜਿਹਾ ਮਾਹੌਲ ਮਿਲਿਆ ਉਹੋ ਜਿਹੇ ਉਹ ਬਣ ਗਏ। ਤੁਸੀਂ ਉਨ੍ਹਾਂ ਉੱਤੇ ਇਲਜ਼ਾਮ ਨਹੀਂ ਲਾ ਸਕਦੇ।'' ਕੈਲਵਿਨਵਾਦੀ ਸਿੱਖਿਆ ਨੂੰ ਮੰਨਣ ਵਾਲਾ ਆਖਦਾ ਹੈ, ''ਉਨ੍ਹਾਂ ਨੂੰ ਨਰਕ ਦੀ ਸਜ਼ਾ ਮਿਲਣੀ ਪਹਿਲਾਂ ਤੋਂ ਹੀ ਠਹਿਰਾਈ ਹੋਈ ਸੀ।'' ਕਲੀਸੀਆ ਦਾ ਬੰਦਾ ਕਹਿੰਦਾ ਹੈ, ''ਉਨ੍ਹਾਂ ਨੂੰ ਸੰਡੇ ਸਕੂਲ ਜਾਣ ਦਾ ਮੌਕਾ ਨਹੀਂ ਮਿਲਿਆ, ਇਸ ਕਰਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਨਹੀਂ ਲੱਗਾ।'' ਇਨ੍ਹਾਂ ਗੱਲਾਂ ਵਿਚ ਕੁਝ ਹਕੀਕਤ ਹੈ। ਇਸ ਲਈ ਸਾਡੇ ਸਾਹਮਣੇ ਫਿਰ ਇਹੀ ਸਵਾਲ ਲੈ ਕੇ ''ਜਦ ਉਨ੍ਹਾਂ ਦੀ ਕੋਈ ਗਲਤੀ ਹੀ ਨਹੀਂ ਹੈ ਤਾਂ ਖ਼ੁਦਾ ਉਨ੍ਹਾਂ ਨੂੰ ਜਿਹੜੇ ਭਲੇ, ਈਮਾਨਦਾਰ ਅਤੇ ਨੇਕਨੀਅਤ ਹਨ, ਸਜ਼ਾ ਕਿਵੇਂ ਦੇ ਸਕਦਾ ਹੈ?''

ਇੱਥੇ ਅਸੀਂ ਆਪਣੀ ਰੇਖਾ ਨੂੰ ਛੱਡਣ ਲਈ ਤਿਆਰ ਹਾਂ! ਪਰ ਛੱਡ ਨਹੀਂ ਸਕਦੇ! ਜੇ ਛੱਡਦੇ ਹਾਂ ਤਾਂ ਘੱਟੋ ਘੱਟ ਬਾਈਬਲ ਨੂੰ ਵੀ ਛੱਡਣਾ ਪਵੇਗਾ ਕਿ ਇਸ ਦਾ ਅਰਥ ਇਹ ਹੈ ਕਿ ਕੁਝ ਲੋਕ ਗੁਆਚੇ ਹੋਏ ਹਨ!

ਤਾਂ ਫਿਰ ਅਸੀਂ ਇਸ ਰੇਖਾ ਨੂੰ ਕਿੱਧਰ ਲੈ ਜਾਈਏ? ਗੱਲ ਤਾਂ ਇਹ ਹੈ ਕਿ ਇਹ ਕਿਤੇ ਨਾ ਕਿਤੇ ਜ਼ਰੂਰ ਜਾਏਗੀ। ਕਿਤੇ ਵੀ ਲੈ ਜਾਈਏ ਇਸ ਦੇ ਇਕ ਪਾਸੇ ਉਹ ਲੋਕ ਹੋਣਗੇ ਜੋ ਭਲੇ, ਈਮਾਨਦਾਰ ਅਤੇ ਨੇਕਨੀਅਤ ਹਨ। ਸਾਨੂੰ ਲਗਦਾ ਹੈ ਉਨ੍ਹਾਂ ਨੂੰ ਅਜਿਹੇ ਨਾ ਹੋਣ ਕਰਕੇ ਮਾਫ਼ ਕਰ ਦਿੱਤਾ ਜਾ ਸਕਦਾ ਹੈ!

ਦੂਜੇ ਸ਼ਬਦਾਂ ਵਿਚ ਅਸੀਂ ਜੋ ਇਹ ਸਿਖਾਉਂਦੇ ਹਾਂ ਕਿ ਬਚਾਏ ਜਾਣ ਲਈ ਬਪਤਿਸਮਾ ਜ਼ਰੂਰੀ ਹੈ, ਭਲੇ, ਈਮਾਨਦਾਰ ਅਤੇ ਨੇਕਨੀਅਤ ਨਾ ਹੋਣ ਵਾਲੇ ਅਤੇ ਫ਼ਰਕ ਸਿੱਖਿਆ ਨੂੰ ਮੰਨਣ ਵਾਲਿਆਂ ਦੇ ਗੁਆਚੇ ਹੋਣ ਨਾਲ ਦੋ ਚਾਰ ਹੋਣ ਵਾਲੇ ਇਕੱਲੇ ਨਹੀਂ ਹੋਵਾਂਗੇ। ਮੇਰੇ ਕੋਲ ਕਿਸੇ ਪ੍ਰੋਟੈਸਟੈਂਟ ਲੇਖਕ ਦਾ ''ਇੱਕੋ ਸੱਚਾ ਧਰਮ'' ਨਾਮਕ ਇਕ ਲੇਖ ਹੈ। ਸਚਮੁਚ ਮਸੀਹੀ ਅਖਵਾਉਣ ਵਾਲੇ ਕਿਸੇ ਨੂੰ ਵੀ ਇਸ ਗੱਲ ਨਾਲ ਸਹਿਮਤ ਹੋਣਾ ਜ਼ਰੂਰੀ ਹੈ ਕਿ ਬਾਈਬਲ ਮੁਤਾਬਿਕ ਮਸੀਹੀਅਤ ਹੀ ਸੱਚਾ ਧਰਮ ਹੈ! ਵਿਆਪਕ ਅਰਥ ਵਿਚ ਮੰਨਿਆ ਜਾਂਦਾ ਹੈ ਕਿ ਦੁਨੀਆਂ ਦੇ 30 ਫ਼ੀਸਦੀ ਲੋਕ ਮਸੀਹੀ ਹਨ। ਪਰ ਇਹਦਾ ਮਤਲਬ ਇਹ ਹੋਇਆ ਕਿ ਦੁਨੀਆਂ ਦੇ ਬਾਕੀ 70 ਫ਼ੀਸਦੀ ਲੋਕ ਗੁਆਚੇ ਹੋਏ ਹਨ! ਉਨ੍ਹਾਂ ਬਾਰੇ ਕੀ ਮੰਨੀਏ ਜੋ ਭਲੇ, ਈਮਾਨਦਾਰ ਅਤੇ ਨੇਕਨੀਅਤ ਹਨ, ਪਰ ''ਇੱਕੋ ਸੱਚੇ ਧਰਮ'' ਵਿਚ ਨਹੀਂ ਹਨ?

ਅਸੀਂ ਵਿਖਾਇਆ ਹੈ ਕਿ ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕਾਂ ਦੇ ਗੁਆਚੇ ਹੋਣ ਦੀ ਦਿੱਕਤ ਜੋ ਵਿਸ਼ਵਵਿਆਪੀ ਹੈ ਮਸੀਹੀ ਜਾਂ ਬਾਈਬਲ ਤੇ ਵਿਸ਼ਵਾਸ ਰੱਖਣ ਵਾਲੇ ਕਿਸੇ ਵੀ ਬੰਦੇ ਲਈ ਅੱਗੇ ਆਉਂਦੀ ਹੈ। ਪਰ ਅਸੀਂ ਅਜੇ ਤਕ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਖ਼ੁਦਾ ਇਨ੍ਹਾਂ ਲੋਕਾਂ ਨੂੰ ਦੋਸ਼ੀ ਕਿਉਂ ਠਹਿਰਾਏਗਾ?

ਇਸ ਸਵਾਲ ਦਾ ਜਵਾਬ ਬਾਈਬਲ ਦੇ ਤਿੰਨ ਵੱਡੇ ਤੱਥਾਂ ਵਿਚ ਮਿਲਦਾ ਹੈ: ਪਹਿਲਾ, ''ਸਭ ਨੇ ਪਾਪ ਕੀਤਾ ਹੈ'' (ਰੋਮੀਆਂ 3:23)। ਦੂਜਾ, ਪਾਪੀਆਂ ਨੂੰ ਮੌਤ ਮਿਲਣੀ ਲਾਜ਼ਮੀ ਹੈ। ਰੋਮੀਆਂ 6:23 ਆਖਦਾ ਹੈ, ''ਕਿਉਂਕਿ ਪਾਪ ਦੀ ਮਜ਼ਦੂਰੀ ਮੌਤ ਹੈ।'' ''ਮਜਦੂਰੀ'' ਸ਼ਬਦ ਇਹ ਸੰਕੇਤ ਦਿੰਦਾ ਹੈ ਕਿ ਪਾਪ ਤੋਂ ਮਿਲਣ ਵਾਲੀ ਤਨਖ਼ਾਹ ਮੌਤ ਹੈ ਕਿਉਂਕਿ ਤੁਸੀਂ ਅਤੇ ਮੈਂ ਇਸ ਦੇ ਕਾਬਲ ਹਾਂ। ਤੁਸੀਂ ਪਾਪ ਕੀਤਾ ਹੈ ਅਤੇ ਪਾਪ ਦੇ ਕਾਰਣ ਤੁਹਾਡਾ ਮਰਨਾ ਲਾਜ਼ਮੀ ਹੈ। ਤੀਜਾ, ਮਨੁੱਖ ਆਪਣਾ ਬਚਾਅ ਆਪ ਨਹੀਂ ਕਰ ਸਕਦਾ। ਪਾਪ ਵਿਚ ਰਹਿੰਦਿਆਂ ਅਸੀਂ ਉਮੀਦ ਰਹਿਤ ਅਤੇ ਮੌਤ ਦੀ ਸਜ਼ਾ ਦੇ ਲਾਇਕ ਹਾਂ। ਅਸੀਂ ਲਾਚਾਰ ਵੀ ਹਾਂ ਕਿਉਂਕਿ ਅਸੀਂ ਆਪਣੇ ਪਾਪ ਤੋਂ ਆਪਣੇ ਆਪ ਉੱਪਰ ਨਹੀਂ ਚੁੱਕ ਸਕਦੇ। ਇਸ ਕਰਕੇ ਅਸੀਂ ਜੋ ਵੀ ਹੋਈਏ, ਕੁਝ ਗੱਲਾਂ ਉਹ ਸਾਨੂੰ ਪਾਪਾਂ ਤੋਂ ਛੁਡਾਉਣ ਲਈ ਕਾਫ਼ੀ ਨਹੀਂ ਹਨ। ਬਹੁਤਿਆਂ ਦੀ ਦਿੱਕਤ ਇਹੀ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਭਲਿਆਈ, ਉਨ੍ਹਾਂ ਦੀ ਈਮਾਨਦਾਰੀ ਅਤੇ ਉਨ੍ਹਾਂ ਦੀ ਸਾਫ਼ ਨੀਅਤ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੇ ਪਾਪ ਨੂੰ ਕੱਜ ਹੀ ਲੇਵਗੀ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਪਾਪ ਕੀਤਾ ਹੈ। ਪਰ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਭਲੇ ਅਤੇ ਈਮਾਨਦਾਰ ਅਤੇ ਐਨੇ ਨੇਕਨੀਅਤ ਹੋਣ ਤਾਂ ਕਿ ਉਨ੍ਹਾਂ ਦੇ ਭਲਿਆਈ ਦੇ ਕੰਮ ਉਨ੍ਹਾਂ ਦੇ ਬੁਰਿਆਈ ਦੇ ਕੰਮਾਂ ਤੋਂ ਭਾਰੀ ਹੋ ਜਾਣ ਤਾਂ ਉਨ੍ਹਾਂ ਦੇ ਪਾਪ ਮਾਫ਼ ਕੀਤੇ ਜਾਣਗੇ ਭਾਵ ਉਹ ਖ਼ੁਦਾ ਅੱਗੇ ਧਰਮੀ ਠਹਿਰਣਗੇ। ਪਰ ਬਾਈਬਲ ਅਜਿਹਾ ਨਹੀਂ ਮੰਨਦੀ। ਉਹ ਦੱਸਦੀ ਹੈ ਕਿ ਦੁਨੀਆਂ ਵਿਚ ਪਾਈ ਜਾਣ ਵਾਲੀ ਸਾਰੀ ਭਲਿਆਈ, ਸਾਰੀ ਈਮਾਨਦਾਰੀ ਅਤੇ ਨੇਕਨੀਅਤ ਕਿਸੇ ਦੇ ਪਾਪ ਨੂੰ ਮਿਟਾ ਨਹੀਂ ਸਕਦੀ!

''ਭਲੇ, ਈਮਾਨਦਾਰ ਅਤੇ ਨੇਕਨੀਅਤ ਲੋਕ ਗੁਆਚ ਨਹੀਂ ਸਕਦੇ? ਅਤੇ ਖ਼ੁਦਾ ਅਜਿਹੇ ਲੋਕਾਂ ਨੂੰ ਦੋਸ਼ੀ ਕਿਉਂ ਠਹਿਰਾਵੇਗਾ?'' ਦੇ ਸਾਡੇ ਸਵਾਲਾਂ ਦਾ ਜਵਾਬ ਮਿਲ ਗਿਆ ਹੈ। ਅਜਿਹਾ ਇਸ ਕਰਕੇ ਨਹੀਂ ਹੈ ਕਿ ਖ਼ੁਦਾ ਸਜ਼ਾ ਦੇਣਾ ਚਾਹੁੰਦਾ ਹੈ ਕਿਉਂਕਿ ਖ਼ੁਦਾ ਤਾਂ ਪ੍ਰੇਮ ਹੈ ਅਤੇ ਚਾਹੁੰਦਾ ਹੈ ਕਿ ਸਭ ਲੋਕ ਬਚਾਏ ਜਾਣ। ਬਲਕਿ ਇਸ ਕਰਕੇ ਹੈ ਕਿ ਉਨ੍ਹਾਂ ਨੇ ਪਾਪ ਕੀਤਾ ਭਾਵ ਖ਼ੁਦਾ ਨਾਲ ਬਗਾਵਤ ਕੀਤੀ ਹੈ। ਅਤੇ ਆਪਣੇ ਪਾਪਾਂ ਨੂੰ ਮਿਟਾਉਣ ਲਈ ਉਨ੍ਹਾਂ ਨੇ ਖ਼ੁਦਾ ਅੱਗੇ ਜੋ ਕੁਝ ਵੀ ਕੀਤਾ ਹੈ ਉਹ ਉਨ੍ਹਾਂ ਦੀ ਆਪਣੀ ਭਲਿਆਈ ਹੈ ਜੋ ਕਿ ਬਚਾਏ ਜਾਣ ਲਈ ਕਾਫ਼ੀ ਨਹੀਂ ਹੈ।

ਤਾਂ ਫਿਰ ਕੌਣ ਬਚਾਇਆ ਜਾ ਸਕਦਾ ਹੈ ?

ਤਾਂ ਫਿਰ ਕੌਣ ਬਚਾਇਆ ਜਾ ਸਕਦਾ ਹੈ? ਜੇ ਮੁਕਤੀ ਦੀ ਗਰੰਟੀ ਲਈ ਭਲਿਆਈ, ਈਮਾਨਦਾਰੀ ਅਤੇ ਨੇਕਨੀਅਤ ਕਾਫ਼ੀ ਨਹੀਂ ਹੈ ਭਾਵ ਜੇ ਭਲੇ, ਈਮਾਨਦਾਰ ਅਤੇ ਸਾਫ ਨੀਅਤ ਲੋਕ ਗੁਆਚੇ ਹੋਏ

ਹੋ ਸਕਦੇ ਹਨ ਤਾਂ ਫਿਰ ਕੌਣ ਬਚਾਇਆ ਜਾ ਸਕਦਾ ਹੈ? ਇਹਦਾ ਜਵਾਬ ਬੜਾ ਅਸਾਨ ਹੈ ਕਿ ਹੁਣ ਅਤੇ ਅਨਾਦੀਕਾਲ ਲਈ ਸਿਰਫ਼ ਉਹੀ ਲੋਕ ਬਚਾਏ ਜਾ ਸਕਦੇ ਹਨ ਜੋ ਆਪਣੀ ਭਲਿਆਈ, ਈਮਾਨਦਾਰੀ ਅਤੇ ਨੇਕਨੀਅਤ ਤੇ ਨਹੀਂ ਬਲਕਿ ਮਸੀਹ ਦੇ ਲਹੂ ਤੇ ਭਰੋਸਾ ਰੱਖਦੇ ਹਨ, ਭਾਵ ਲਹੂ ਦੇ ਰਾਹੀਂ ਲੋਕ ਬਚਾਏ ਜਾਂਦੇ ਹਨ!

ਵਿਚਾਰ ਕਰੋ ਕਿ ਉਹ ਲਹੂ ਕੀ ਕਰਦਾ ਹੈ: ਇਹ ਅੰਤਹਕਰਣ ਨੂੰ ਸ਼ੁੱਧ ਕਰਦਾ ਹੈ: ''ਪਰ ਕਿੰਨਾ ਹੀ ਵਧੀਕ ਮਸੀਹ ਦਾ ਲਹੂ ... ਤੁਹਾਡੇ ਅੰਤਹਕਰਣ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਾਸਨਾ ਕਰੋ'' (ਇਬਰਾਨੀਆਂ 9:14)। ਲਹੂ ਮਨੁੱਖ ਦੇ ਪਾਪ ਮਾਫ਼ ਕਰਦਾ ਹੈ। ਯਿਸੂ ਨੇ ਕਿਹਾ, ''ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ'' (ਮੱਤੀ 26:28)। ਇਹ ਪਾਪਾਂ ਨੂੰ ਧੋਂਦਾ ਹੈ। ਪ੍ਰਕਾਸ਼ ਦੀ ਪੋਥੀ 1:5 ਦੱਸਦੀ ਹੈ, ''... *[ਮਸੀਹ]* ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ ਹੈ।'' ਯਕੀਨਨ ਹੀ ਉਸ ਦਾ ਲਹੂ ਸਾਨੂੰ ਬਚਾਉਂਦਾ ਹੈ। ਇਹ ਉਸ ਪਾਪ ਨੂੰ ਧੋ ਸਕਦਾ ਹੈ ਜਿਹੜਾ ਸਾਨੂੰ ਦੋਸ਼ੀ ਬਣਾਉਂਦਾ ਹੈ, ਮਾਰ ਸੁੱਟਦਾ ਅਤੇ ਖ਼ੁਦਾ ਤੋਂ ਅੱਡ ਕਰਦਾ ਹੈ। ਪਰ ਇਹ ਧੋਂਦਾ ਕਿਵੇਂ ਹੈ? ਲਹੂ ਦੇ ਰਾਹੀਂ ਮਾਫ਼ੀ ਪਾਉਣ ਤੇ ਸਾਡੇ ਲਈ ਕੀ ਕਰਨਾ ਜ਼ਰੂਰੀ ਹੈ?

ਇਹ ਲਹੂ ਬਪਤਿਸਮੇ ਵੇਲੇ ਸਾਡੇ ਅੰਤਹਕਰਣ ਨੂੰ ਸ਼ੁੱਧ ਕਰਦਾ ਹੈ। 1 ਪਤਰਸ 3:20, 21 ਦੱਸਦਾ ਹੈ:

> ... ਜਿਸ ਵੇਲੇ ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿਚ ਥੋੜ੍ਹੇ ਅਰਥਾਤ ਅੱਠ ਜਣੇ ਪਾਣੀ ਨਾਲ ਬਚ ਗਏ। ਇਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਣ ਬਚਾਉਂਦਾ ਹੈ ਇਹ ਸਰੀਰ ਦੀ ਮੈਲ ਲਾਹੁਣਾ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ।

ਬਪਤਿਸਮੇ ਵੇਲੇ ਲਹੂ ਪਾਪ ਮਾਫ਼ ਕਰਦਾ ਹੈ ਜਾਂ ਮਿਟਾ ਦਿੰਦਾ ਹੈ। ਰਸੂਲਾਂ ਦੇ ਕੰਮ 2:38 ਵਿਚ ਨਿਹਚਾ ਕਰਨ ਵਾਲਿਆਂ ਨੂੰ ਕਿਹਾ ਗਿਆ ਹੈ, ''... ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।'' ਅਤੇ ਇਹ ਬਪਤਿਸਮੇ ਵੇਲੇ ਪਾਪ ਨੂੰ ਧੋ ਦਿੰਦਾ ਹੈ। ਰਸੂਲਾਂ ਦੇ ਕੰਮ 22:16 ਵਿਚ ਪਸ਼ਚਾਤਾਪੀ ਸੌਲੁਸ ਨੂੰ ਆਖਿਆ ਗਿਆ ਸੀ, ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।'' ਜੇ ਉਹਦੇ ਲਹੂ ਨੂੰ ਵਹਾਉਣ ਦੇ ਰਾਹੀਂ ਬਚਾਏ ਜਾਣ ਬਾਰੇ ਸਾਡਾ ਕੋਈ ਸਵਾਲ ਹੈ ਤਾਂ ਉਸ ਦਾ ਜਵਾਬ ਰੋਮੀਆਂ 6:3, 4 ਵਿਚ ਦਿੱਤਾ ਜਾਵੇਗਾ, ''ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ।'' ਜਦ ਬਾਈਬਲ ਦੱਸਦੀ ਹੈ ਕਿ ਸਾਨੂੰ ਮਸੀਹ ਦੀ ਮੌਤ ਵਿਚ ਬਪਤਿਸਮਾ ਲੈਣ ਦੀ ਲੋੜ ਹੈ ਤਾਂ ਇਸ ਤੋਂ ਬਪਤਿਸਮੇ ਦੀ ਅਹਿਮੀਅਤ ਬਾਰੇ ਕੋਈ ਵੀ ਸਵਾਲ ਜਾਂ ਸ਼ੱਕ ਨਹੀਂ ਰਹਿ ਜਾਂਦਾ, ਕਿਉਂਕਿ ਇਹ ਹਮੇਸ਼ਾ ਲਈ ਇਸ ਨੂੰ ਉਸ ਦੇ ਲਹੂ ਨਾਲ ਜੋੜ ਦਿੰਦਾ ਹੈ। ਇਸ ਕਰਕੇ ਭਲਿਆਈ, ਈਮਾਨਦਾਰੀ ਅਤੇ ਨੇਕਨੀਅਤ ਦੇ ਹੱਕ ਵਿਚ ਬਚਾਅ ਨਹੀਂ ਸਕਦੀ ਕਿਉਂਕਿ ਮੁਕਤੀ ਸਿਰਫ਼ ਮਸੀਹ ਦੇ ਲਹੂ ਨਾਲ ਹੀ ਹੈ! ਪਰ ਲਹੂ ਦੇ ਰਾਹੀਂ ਬਚਾਏ ਜਾਣ ਲਈ ਤੁਹਾਡੇ ਲਈ ਮਸੀਹ ਵਿਚ ਬਪਤਿਸਮਾ ਲੈਣਾ ਜ਼ਰੂਰੀ ਹੈ।

ਅਸੀਂ ਮੁਕਤੀ ਬਾਰੇ ਯਕੀਨ ਨਾਲ ਕਿਵੇਂ ਜਾਣ ਸਕਦੇ ਹਾਂ ?

ਮੁਕਤੀ ਬਾਰੇ ਅਸੀਂ ਯਕੀਨ ਨਾਲ ਕਿਵੇਂ ਕਹਿ ਸਕਦੇ ਹਾਂ? ਖ਼ੁਦਾ ਦੂਜਿਆਂ ਨਾਲ ਭਾਵੇਂ ਜਿਹੋ ਜਿਹਾ ਮਰਜ਼ੀ ਵਿਹਾਰ ਕਰੇ ਪਰ ਸਾਡੇ ਵਿੱਚੋਂ ਹਰ ਕਿਸੇ ਨੂੰ ਪੱਕਾ ਯਕੀਨ ਕਿਵੇਂ ਹੋ ਸਕਦਾ ਹੈ ਕਿ ਅਸੀਂ ਬਚਾਏ ਗਏ ਹਾਂ। ਜਵਾਬ ਸਾਫ਼ ਹੈ:

ਪਹਿਲਾਂ ਤਾਂ, ਕਿ ਅਸੀਂ ਖ਼ੁਦਾ ਦਾ ਵਚਨ ਸੁਣਿਆ ਹੈ? ''ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ'' (ਰੋਮੀਆਂ 10:17)। ਦੂਜਾ, ਕੀ ਅਸੀਂ ਯਿਸੂ ਨੂੰ ਖ਼ੁਦਾ ਦਾ ਪੁੱਤਰ ਮੰਨਿਆ ਹੈ? ''... ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)। ਤੀਜਾ, ਕੀ ਅਸੀਂ ਆਪਣੇ ਪਾਪਾਂ ਤੋਂ ਤੌਬਾ ਕੀਤੀ ਹੈ? ''... ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ'' (ਲੂਕਾ 13:3)। ਚੌਥਾ, ਕੀ ਅਸੀਂ ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ ਹੈ? ''ਧਰਮ ਲਈ ਤਾਂ ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਨਾਲ ਮੂੰਹ ਨਾਲ ਇਕਰਾਰ ਕਰੀਦਾ ਹੈ'' (ਰੋਮੀਆਂ 10:10)। ਪੰਜਵਾਂ, ਕੀ ਅਸੀਂ ਪਾਪਾਂ ਦੀ ਮਾਫ਼ੀ ਲਈ ਬਾਈਬਲ ਦੀ ਸਿੱਖਿਆ ਮੁਤਾਬਿਕ ਬਪਤਿਸਮਾ ਲਿਆ ਹੈ? ''... ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੋ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)।

ਸਿਰਫ਼ ਨਵੇਂ ਨੇਮ ਦੇ ਮਸੀਹੀ ਬਣ ਜਾਓ। ਜੇ ਤੁਸੀਂ ਉਸ ਦੇ ਹੁਕਮਾਂ ਨੂੰ ਮੰਨਦੇ ਹੋ ਤਾਂ ਤੁਸੀਂ ਯਕੀਨ ਕਰ ਸਕਦੇ ਹੋ ਕਿ ਤੁਸੀਂ ਹਮੇਸ਼ਾ ਲਈ ਖ਼ੁਦਾ ਨਾਲ ਸੁਰਗ ਵਿਚ ਹੋਵੋਗੇ। ਫਿਰ ਉਹ ਦੂਜਿਆਂ ਨਾਲ ਜੋ ਵੀ ਕਰੇ ਪਰ ਤੁਸੀਂ ਯਕੀਨ ਨਾਲ ਕਹਿ ਸਕੋਗੇ ਕਿ ਤੁਸੀਂ ਖ਼ੁਦਾ ਦੇ ਸੱਜੇ ਹੱਥ ਵੱਲ ਹੋ!

ਸਾਰ

ਆਓ ਆਖ਼ਰੀ ਸਵਾਲ ਪੁੱਛਦੇ ਹਾਂ: ''ਕੀ ਤੁਸੀਂ ਸਚਮੁਚ ਭਲੇ, ਈਮਾਨਦਾਰ ਅਤੇ ਨੇਕਨੀਅਤ ਹੋ?''

ਜੇ ਤੁਸੀਂ ਪੂਰੀ ਤਰ੍ਹਾਂ ਨਾਲ ਪ੍ਰਭੂ ਦੇ ਹੁਕਮਾਂ ਨੂੰ ਨਹੀਂ ਮੰਨਿਆ ਤਾਂ ਕੀ ਤੁਸੀਂ ਸਚਮੁਚ ''ਭਲੇ'' ਹੋ?

ਜੇ ਤੁਸੀਂ ਸਚਿਆਈ ਨੂੰ ਵੇਖ ਕੇ ਉਸ ਦੀ ਗੱਲ ਨਹੀਂ ਮੰਨਦੇ ਤਾਂ ਕੀ ਤੁਸੀਂ ਸਚਮੁਚ ''ਈਮਾਨਦਾਰ'' ਹੋ? ਹੋ ਸਕਦਾ ਹੈ ਤੁਸੀਂ ਕਹੋ, ''ਪਰ ਕਿਸੇ ਹੋਰ ਨੇ ਤਾਂ ਇਹ ਨਹੀਂ ਵੇਖਿਆ ਅਤੇ ਉਸ ਨੇ ਇਹ ਗੱਲ ਨਹੀਂ ਮੰਨੀ।'' ਸ਼ਾਇਦ ਨਹੀਂ, ਪਰ ਹੋ ਸਕਦਾ ਹੈ ਕਿ ਜਿਹੜਾ ਮੌਕਾ ਤੁਹਾਨੂੰ ਮਿਲਿਆ ਹੈ ਉਹ ਉਸ ਨੂੰ ਨਾ ਮਿਲ ਸਕਿਆ ਹੋਵੇ। ਫਿਰ ਤਾਂ ਉਹ ਈਮਾਨਦਾਰੀ ਨਾਲ ਕਹਿ ਸਕਦਾ ਹੈ ਕਿ ''ਮੈਨੂੰ ਚੰਗੀ ਤਰ੍ਹਾਂ ਪਤਾ ਨਹੀਂ ਸੀ।'' ਪਰ ਕੀ ਤੁਸੀਂ ਕਹਿ ਸਕਦੇ ਹੋ, ਜਦਕਿ ਤੁਸੀਂ ਚੰਗੀ ਤਰ੍ਹਾਂ ਜਾਣ ਲਿਆ ਅਤੇ ਤੁਹਾਨੂੰ ਚੰਗੀ ਤਰ੍ਹਾਂ ਪਤਾ ਲਗ ਗਿਆ ਹੈ? ਭਲਾ ਉਸ ਸਚਿਆਈ ਦੇ ਅਧਾਰ ਤੇ ਜੋ ਤੁਹਾਨੂੰ ਪਤਾ ਹੈ ਕੰਮ ਕਰਨ ਤੋਂ ਨਾਂਹ ਕਰਨੀ ਬੇਈਮਾਨੀ ਨਹੀਂ ਹੈ?

ਜੇ ਤੁਸੀਂ ਬਾਈਬਲ ਨੂੰ ਅਣਗੌਲਿਆ ਕਰਨ ਦਾ ਫ਼ੈਸਲਾ ਕਰਦੇ ਹੋਏ ਇਵੇਂ ਅੱਗੇ ਵਧਦੇ ਹੋ ਜਿਵੇਂ ਤੁਸੀਂ ਸਚਿਆਈ ਨੂੰ ਸੁਣਿਆ ਹੀ ਨਾ ਹੋਵੇ, ਤਾਂ ਕੀ ਤੁਸੀਂ ਸਚਮੁਚ ''ਨੇਕਨੀਅਤ'' ਹੋ? ਉਸ ਮਾਮਲੇ ਵਿਚ ਕੀ ਤੁਸੀਂ ਸਚਮੁਚ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਅਤੇ ਉਸ ਦੀ ਮਰਜ਼ੀ ਨੂੰ ਮੰਨਣ ਲਈ ਸੰਜੀਦਾ ਹੋ?

ਕਈ ਹੋਰ ਲੋਕ ਭਲੇ, ਈਮਾਨਦਾਰ ਅਤੇ ਨੇਕਨੀਅਤ ਹੋਣ ਜਾਂ ਨਾ, ਤਾਂ ਕੀ ਤੁਸੀਂ ਹੋ।

ਟਿੱਪਣੀਆਂ

[1]''ਸਿਲੈਕਟਡ ਐਂਡ ਅਪਡੇਟਡ'' ਨਾਮਕ ਲੇਖ ਤੋਂ ਲਿਆ ਗਿਆ ਅਤੇ ਸਿਲੋਆਮ, ਆਰਕੈਂਸਾ ਦੇ ਚਰਚ ਬੁਲੇਟਿਨ ਵਿਚ ਛਪਿਆ।